. BCM SCHOOL BASANT AVENUE
DUGRI LUDHIANA
ASSIGNMENT DECEMBER-2025
CLASS- 6(PUNJABI)

**Q1** ਅਣਡਿੱਠਾ ਪੈਰ੍ਹਾ

ਕਿਤਾਬਾਂ ਮਨੁੱਖ ਦੇ ਸਭ ਤੋਂ ਚੰਗੇ ਦੋਸਤ ਮੰਨੀ ਜਾਂਦੀਆਂ ਹਨ। ਇਹ ਸਾਨੂੰ ਨਾ ਸਿਰਫ਼ ਗਿਆਨ ਦਿੰਦੀਆਂ ਹਨ, ਸਗੋਂ ਜੀਵਨ ਬਾਰੇ ਸਿਖਲਾਈ ਵੀ ਦਿੰਦੀਆਂ ਹਨ। ਕਿਤਾਬ ਪੜ੍ਹਨ ਨਾਲ ਮਨ ਸ਼ਾਂਤ ਰਹਿੰਦਾ ਹੈ ਅਤੇ ਸੋਚਣ ਦੀ ਸਮਰੱਥਾ ਵੱਧਦੀ ਹੈ। ਬਚਪਨ ਤੋਂ ਹੀ ਬੱਚਿਆਂ ਨੂੰ ਕਿਤਾਬਾਂ ਨਾਲ ਦੋਸਤੀ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਚੰਗੀਆਂ ਆਦਤਾਂ ਵਿਕਸਿਤ ਕਰ ਸਕਣ। ਅੱਜਕੱਲ੍ਹ ਬੱਚੇ ਮੋਬਾਈਲ ਤੇ ਵੱਧ ਸਮਾਂ ਬੀਤਾਉਂਦੇ ਹਨ, ਜਿਸ ਨਾਲ ਪੜ੍ਹਨ ਦੀ ਆਦਤ ਘੱਟ ਰਹਿ ਗਈ ਹੈ। ਜੇ ਅਸੀਂ ਰੋਜ਼ ਥੋੜ੍ਹਾ ਸਮਾਂ ਕਿਤਾਬਾਂ ਨੂੰ ਦੇਈਏ, ਤਾਂ ਇਹ ਸਾਡੇ ਭਵਿੱਖ ’ਚ ਸਫਲਤਾ ਦੇ ਰਸਤੇ ਖੋਲ੍ਹਦੀਆਂ ਹਨ।

ਪ੍ਰਸ਼ਨ1. ਕਿਤਾਬਾਂ ਮਨੁੱਖ ਦੇ ਕਿਸ ਤਰ੍ਹਾਂ ਦੇ ਦੋਸਤ ਮੰਨੀ ਜਾਂਦੀਆਂ ਹਨ?
A. ਆਮ ਦੋਸਤ. B. ਬੁਰੇ ਦੋਸਤ. C. ਚੰਗੇ ਦੋਸਤ
D. ਗੁੱਸੇ ਵਾਲੇ ਦੋਸਤ

ਪ੍ਰਸ਼ਨ 2-ਕਿਤਾਬ ਪੜ੍ਹਨ ਨਾਲ ਕੀ ਲਾਭ ਹੁੰਦਾ ਹੈ?

. A. ਮਨ ਉਦਾਸ ਹੁੰਦਾ ਹੈ B. ਸੋਚਣ ਦੀ ਸਮਰੱਥਾ ਘੱਟਦੀ ਹੈ. C. ਮਨ ਸ਼ਾਂਤ ਰਹਿੰਦਾ ਹੈ
. D. ਗੁੱਸਾ ਵੱਧਦਾ ਹੈ
. ਪ੍ਰਸ਼ਨ-3. ਬੱਚੇ ਅੱਜਕੱਲ੍ਹ ਕਿਸ ’ਤੇ ਵੱਧ ਸਮਾਂ ਬਿਤਾਉਂਦੇ ਹਨ?
. A. ਕਿਤਾਬਾਂ ’ਤੇ. B. ਮੋਬਾਈਲ ’ਤੇ. C. ਮੈਦਾਨ ਵਿੱਚ
D. ਗਾਣੇ ਸੁਣਨ ਵਿੱਚ

**Q-2**ਹੇਠਾਂ ਦਿੱਤੇ ਅਣਡਿੱਠੇ ਕਾਵਿ-ਟੋਟੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ-

ਸਵੇਰ ਦੀ ਰੋਸ਼ਨੀ"
ਸਵੇਰ ਦੀ ਰੋਸ਼ਨੀ ਜਦੋਂ,
ਧਰਤੀ ’ਤੇ ਫੈਲ ਜਾਂਦੀ ਹੈ,
ਚਿੜੀਆਂ ਦੀ ਮਿੱਠੀ ਬੋਲੀ,
ਹਰ ਦਿਲ ਨੂੰ ਖ਼ੁਸ਼ ਕਰ ਜਾਂਦੀ ਹੈ।
ਠੰਡੀ ਹਵਾ ਦੇ ਝੋਕੇ,
ਮਨ ਨੂੰ ਤਾਜ਼ਗੀ ਦੇ ਜਾਂਦੇ,
ਨਵਾਂ ਦਿਨ ਨਵੀਂ ਉਮੀਦਾਂ,
ਰਾਹਾਂ ਨੂੰ ਚਾਨਣ ਕਰ ਜਾਂਦੇ।
ਜੋ ਮਿਹਨਤ ਕਰਦਾ ਦਿਲੋਂ,
ਉਹ ਸਫਲਤਾ ਪਾਂਦਾ ਹੈ,
ਸਵੇਰ ਦੱਸਦੀ ਹਰ ਕਿਸੇ ਨੂੰ,
ਉਠੋ—ਨਵਾਂ ਦਿਨ ਆਇਆ।

ਪ੍ਰਸ਼ਨ.1. ਕਵਿਤਾ ਵਿੱਚ ਸਵੇਰ ਦੀ ਰੋਸ਼ਨੀ ਕਿੱਥੇ ਫੈਲਦੀ ਹੈ?
ਪ੍ਰਸ਼ਨ 2. ਚਿੜੀਆਂ ਦੀ ਬੋਲੀ ਕਿਸ ਤਰ੍ਹਾਂ ਦੀ ਦੱਸੀ ਗਈ ਹੈ?

Q-3 ਵਿਆਕਰਨ

. 1.ਭਵਿੱਖਤ ਕਾਲ ਕਿਸਨੂੰ ਕਹਿੰਦੇ ਹਨ?
2. ਰਾਮ ਪੰਜਾਬੀ ਪੜ੍ਹ ਰਿਹਾ ਹੈ? ਕਿਰਿਆ ਦੀ ਕਿਸਮ ਦੱਸੋ?
3. ਮੁਹਾਵਰਾ(ਅਰਥ+ਵਾਕ)- ਹਰਨ ਹੋ ਜਾਣਾ
4.ਕਥਨ (Statement): ਪੜਨਾਂਵ ਵਾਕ ਵਿਚ ਨਾਂਵ ਦੀ ਦੁਹਰਾਈ ਨੂੰ ਰੋਕਦਾ ਹੈ।
. ਕਾਰਨ(Reason) : ਕਿਉਂਕਿ ਪੜਨਾਂਵ ਨਾਂਵ ਦੀ ਥਾਂ ’ਤੇ ਵਰਤਿਆ ਜਾਂਦਾ ਹੈ।
(A) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ ਕਥਨ ਨੂੰ ਠੀਕ ਸਮਝਾਉਂਦਾ ਹੈ।
(B) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ ਕਥਨ ਨੂੰ ਨਹੀਂ ਸਮਝਾਉਂਦਾ।
(C) ਕਥਨ ਸਹੀ ਹੈ ਪਰ ਕਾਰਨ ਗਲਤ ਹੈ।
(D) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

5. ਪੋਲਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਗੋਲਾ B. ਸਖ਼ਤ C. ਗਾੜ੍ਹਾ D.ਹੋਲਾ

6.' ਮਹੀਨੇ ਮਗਰੋਂ ਨਿਕਲਣ ਵਾਲਾ ਅਖ਼ਬਾਰ,' ਵਾਕ ਦਾ ਇੱਕ ਸ਼ਬਦ ਚੁਣੋ?

A. ਮਾਸਿਕ B. ਸਪਤਾਹਿਕ C. ਰੋਜ਼ਾਨਾ D. ਟਕਸਾਲ

7. ਸ਼ੁੱਧ ਰੂਪ ਚੁਣੋ-

A.ਪ੍ਰੀਖਿਆ. B. ਪਰੀਖਿਆ C. ਪਰਿਖਿਆ D. ਪ੍ਰਿਖਿਆ

8. ਦਿਆਲ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ

. A. ਪ੍ਰਸੰਨ B. ਸਿਆਣਾ C. ਸੱਜਣ D.ਸੇਵਕ

9. ਉੱਤੇ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਉੱਪਰ B. ਥੱਲੇ C. ਖੱਬੇ D. ਸੱਜੇ

.

.

**-Q-4**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ

ਪ੍ਰਸ਼ਨ- ਬਸੰਤ ਕਵਿਤਾ ਵਿੱਚ ਬਸੰਤ ਕੌਰ ਕਿਸ ਨੂੰ ਕਿਹਾ ਗਿਆ ਹੈ?

ਪ੍ਰਸ਼ਨ- ਸੋਨੂੰ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ?

ਪ੍ਰਸ਼ਨ-ਭਗਤ ਸਿੰਘ ਨੇ ਕਿਹੜੇ ਪੁਲਿਸ ਉਪ-ਕਪਤਾਨ

. ਨੂੰ ਮਾਰਿਆ ਸੀ?

. ਪ੍ਰਸ਼ਨ-ਕਿਹੜਾ ਮੁਗ਼ਲ ਬਾਦਸ਼ਾਹ ਗੁਰੂ-ਘਰ ਵਿੱਚ ਲੰਗਰ ਛਕਣ ਆਇਆ?